**ਬਾਲਗ (ਉਮਰ 16+) ਆਨਲਾਈਨ ਸਹਿਮਤੀ ਫਾਰਮ ਸੰਸ8 03.10.20**

**ਅਧਿਐਨ ਦਾ ਸਿਰਲੇਖ: ਵਾਇਰਸ ਵਾੱਚ (Virus Watch)**

ਕਿਰਪਾ ਕਰਕੇ ਹਾਂ/ਨਾਂਹ ਤੇ

ਨਿਸ਼ਾਨ ਲਗਾਓ

1. ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਮੈਂ ਉਪਰੋਕਤ ਅਧਿਐਨ ਲਈ 03.10.2020 (ਸੰਸਕਰਣ 8) ਦੀ ਤਾਰੀਖ ਵਾਲੀ ਜਾਣਕਾਰੀ ਸ਼ੀਟ ਨੂੰ ਪੜ੍ਹ ਲਿਆ ਹੈ। ਮੈਨੂੰ ਜਾਣਕਾਰੀ ਬਾਰੇ ਵਿਚਾਰ ਕਰਨ ਦਾ, ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਹੈ ਅਤੇ ਮੈਨੂੰ ਇਨ੍ਹਾਂ ਦੇ ਸੰਤੋਸ਼ਜਨਕ ਉੱਤਰ ਮਿਲੇ ਹਨ। ☐

2. ਮੈਂ ਸਮਝਦਾ/ਦੀ ਹਾਂ ਕਿ ਮੇਰੀ ਸ਼ਮੂਲੀਅਤ ਇਛੁੱਕ ਹੈ ਅਤੇ ਇਹ ਕਿ ਮੈਂ ਕੋਈ ਵੀ ਕਾਰਨ ਦੱਸੇ ਬਿਨਾਂ, ਮੇਰੀ ਚਿਕਿਤਸਕ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਇਸ ਵਿਚੋਂ ਹੱਟਣ ਲਈ ਸੁਤੰਤਰ ਹਾਂ। ☐

3. ਮੈਂ ਯੂ ਸੀ ਐਲ (UCL) ਨੂੰ ਮੇਰੇ ਐਨ ਐਚ ਐਸ (NHS) ਨੰਬਰ, ਨਾਮ, ਲਿੰਗ, ਪਤਾ ਅਤੇ ਜਨਮ ਤਾਰੀਖ ਨੂੰ ਐਨ ਐਚ ਐਸ ਡਿਜੀਟਲ (NHS Digital) ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਸੰਗਠਨਾਂ ਨਾਲ ਸਾਂਝਾ ਕਰਨ ਲਈ ਸਹਿਮਤੀ ਦਿੰਦਾ/ਦ□ ਹਾਂ। ☐

   *ਐਨ ਐਚ ਐਸ ਡਿਜੀਟਲ (NHS Digital) ਦੇ ਕੋਲ ਹਸਪਤਾਲ ਦੀਆਂ ਵਿਜ਼ਿਟਸ ਅਤੇ ਦਾਖਲਿਆਂ (ਇਸਨੂੰ ਹਾਸਪੀਟਲ ਐਪੀਸੋਡ ਸਟੈਟਿਕਸ ਡਾਟਾ ਕਹਿੰਦੇ ਹਨ) ਅਤੇ ਮੌਤਾਂ ਦਾ ਡਾਟਾ ਹੈ ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਐਨ ਐਚ ਐਸ ਟੈਸਟ ਅਤੇ ਟ੍ਰੇਸ ਪ੍ਰੋਗ੍ਰਾਮ (NHS Test and Trace) ਤੋਂ ਪ੍ਰਾਪਤ ਡਾਟਾ ਸਮੇਤ ਨਿਯਮਤ ਰੂਪ ਵਿਚ ਇਕੱਤਰ ਕੀਤੇ ਗਏ ਵਾਈਰਾਲਜਿਕਲ ਟੈਸਟਿੰਗ ਡਾਟਾ ਨੂੰ ਰੱਖਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਨ੍ਹਾਂ ਸੰਗਠਨਾਂ ਦੁਆਰਾ ਢੁੱਕਵੇਂ ਡਾਟਾ ਸੈੱਟਾਂ ਵਿਚ ਰੱਖੀ ਗਈ ਅਤੇ ਸੰਭਾਲੀ ਜਾਂਦੀ ਜਾਣਕਾਰੀ ਨੂੰ ਹਸਪਤਾਲ ਵਿਚ ਮੇਰੇ ਭਰਤੀ ਹੋਣ ਬਾਰੇ ਅਤੇ ਐਨ ਐਚ ਐਸ (NHS) ਦੁਆਰਾ ਕੀਤੇ ਗਏ ਵਾਈਰਾਲਜਿਕਲ ਟੈਸਟਾ□ ਦੇ ਨਤੀਜਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਰਤਿਆ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਸ ਡਾਟਾ ਨੂੰ ਕੇਵਲ ਸਾਂਖਿਅਕੀ ਅਤੇ ਖੋਜ ਦੇ ਮਕਸਦਾਂ ਲਈ ਵਰਤਿਆ ਜਾਵੇ।*

4. ਜੇਕਰ ਮੇਰੇ ਘਰ ਦੇ ਮੈਂਬਰ ਨੂੰ ਅਧਿਐਨ ਦੇ ਨੱਕ ਦੇ ਸਵੈਬ ਅਤੇ ਖੂਨ ਲੈਣ ਵਾਲੇ ਹਿੱਸੇ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ, ਮੈਂ, ਮੇਰੇ ਘਰ ਦੇ ਮੈਂਬਰ ਵਾਸਤੇ ਅਧਿਐਨ ਦੀ ਕਿੱਟ ਤਿਆਰ ਅਤੇ ਭੇਜਣ ਲਈ ਵਾਲੀ ਸੰਚਾਲਨ ਕੰਪਨੀ ਨਾਲ, ਖੂਨ ਦਾ ਨਮੂਨਾ ਪ੍ਰਾਪਤ ਕਰਨ ਲਈ ਮੁਲਾਕਾਤ ਨਿਰਧਾਰਤ ਕਰਨ ਲਈ ਫਲਬੋਟਮੀ (ਖੂਨ ਇਕੱਤਰ ਕਰਨ ਵਾਲੀ) ਕੰਪਨੀ/ਜਾਂ ਐਨ ਐਚ ਐਸ (NHS) ਦੀ ਖੋਜ ਨਰਸ ਨਾਲ, ☐

ਅਤੇ ਮੇਰੇ ਨਮੂਨਿਆਂ ਦੇ ਬਾਰਕੋਡ ਤਿਆਰ ਕਰਨ ਅਤੇ ਮੇਰੀ ਜਾਂਚ ਦੇ ਨਤੀਜੇ ਮੇਰੇ ਨਾਲ ਸਾਂਝੇ ਕਰਨ ਲਈ ਇਕ ਲੈਬੋਰੇਟਰੀ ਨਾਲ, ਮੇਰੇ ਨਾਲ ਸਬੰਧਤ ਪਛਾਣਯੋਗ ਜਾਣਕਾਰੀ ਨੂੰ ਸਾਂਝਾ ਕਰਨ ਲਈ ਯੂ ਸੀ ਐਲ (UCL) ਨੂੰ ਸਹਿਮਤੀ ਦਿੰਦਾ/ਦੀ ਹਾਂ। *ਪਛਾਣਯੋਗ ਜਾਣਕਾਰੀ ਵਿਚ ਸ਼ਾਮਲ ਹੈ:(ਨਾਮ, ਜਨਮ ਤਾਰੀਖ, ਲਿੰਗ, ਪਤਾ, ਟੈਲੀਫ਼ੋਨ, ਈਮੇਲ)*

5. ਜੇ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਮੈਂ ਨੱਕ/ਗਲੇ ਦੇ ਸਵੈਬਜ਼ ਲੈਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

6. ਜੇ ਅਜਿਹਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਮੈਂ ਖ਼ੂਨ ਦੇ ਦੋ ਨਮੂਨੇ, ਇਕ 2020 ਦੀਆਂ ਗਰਮੀਆਂ ਵਿਚ ਅਤੇ ਇਕ 2021 ਦੀ ਬਸੰਤ ਵਿਚ ਦੇਣ ਲਈ ਸਹਿਮਤ ਹੁੰਦਾ/ਦੀ ਹਾਂ। ☐

7. ਜੇ ਮੈਂ ਖੂਨ ਦਾ ਪੂਰਾ ਨਮੂਨਾ ਦੇਣ ਵਿਚ ਅਸਮਰੱਥ ਹਾਂ ਤਾਂ ਮੈਂ ਉਂਗਲ ਵਿਚ ਸੂਈ ਚੋਭ ਕੇ ਕੇ ਕੀਤਾ ਜਾਣ ਵਾਲਾ ਐਂਟੀਬਾਡੀ ਟੈਸਟ ਕਰਵਾਉਣ ਲਈ ਸਹਿਮਤ ਹੁੰਦਾ/ਦੀ ਹਾਂ। ☐

8. ਜ� ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਤਾਂ ਮੈਂ ਉਂਗਲ ਵਿਚ ਸੂਈ ਚੋਭ ਕੇ ਕੀਤਾ ਜਾਣ ਵਾਲਾ ਐਂਟੀਬਾਡੀ ਟੈਸਟ ਕਰਵਾਉਣ ਲਈ ਸਹਿਮਤ ਹੁੰਦਾ/ਦੀ ਹਾਂ।
    a. ਖ਼ੂਨ ਦਾ ਪੂਰਾ ਨਮੂਨਾ ਲੈਣ ਦੇ ਸਮੇਂ ਇਕ ਵਾਰ ☐
    b. ਮੇਰੇ ਘਰ ਵਿਚ ਕਿਸੇ ਦੇ ਕੋਵਿਡ-19 ਨਾਲ ਪਾਜ਼ੀਟਿਵ ਪਾਏ ਜਾਣ ਦੇ 14 ਦਿਨਾਂ ਬਾਅਦ ਇਕ ਨਮੂਨਾ। ☐

9. ਮੈਂ ਇਸ ਖੋਜ ਲਈ ਲਏ ਗਏ ਮੇਰੇ ਖ਼ੂਨ ਦੇ ਨਮੂਨਿਆਂ ਅਤੇ ਨੱਕ ਦੇ ਸਵੈਬਜ਼ ਨੂੰ (ਇਸ ਅਧਿਐਨ ਦੇ ਸਮਾਪਤ ਹੋਣ ਤੋਂ ਬਾਅਦ) ਸਾਹ ਪ੍ਰਣਾਲੀ ਨਾਲ ਸਬੰਧਤ ਲਾਗਾਂ, ਇਨ੍ਹਾਂ ਲਾਗਾਂ ਪ੍ਰਤੀ ਸਰੀਰ ਦੀ ਰੱਖਿਆ ਪ੍ਰਣਾਲੀ ਦੀ ਪ੍ਰਤੀਕ੍ਰਿਆ ਅਤੇ ਇਨ੍ਹਾਂ ਉੱਪਰ ਪੈਣ ਵਾਲੇ ਅਣੁਵਾਂਸ਼ਿਕ ਪ੍ਰਭਾਵਾ� ਬਾਰੇ ਜਾਣਨ ਲਈ ਭਵਿੱਖ ਦੀ ਸੰਭਾਵੀ ਖੋਜ ਲਈ ਬੇਨਾਮੀ ਨਾਲ ਸਟੋਰ ਕੀਤੇ ਜਾਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

10. ਮੈਂ ਘੁੰਮਣ ਫਿਰਨ ਨੂੰ ਟ੍ਰੈਕ ਕਰਨ ਵਾਲੀ “Tracker for ArcGIS” ਵੱਜੋਂ ਜਾਣੀ ਜਾਂਦੀ ਐਪ ਨੂੰ ਮੇਰੇ ਫ਼ੋਨ ਉੱਪਰ ਡਾਊਨਲੋਡ ਕਰਨ ਲਈ ਅਤੇ ਯੂ ਸੀ ਐਲ (UCL) ਨੂੰ ਮੇਰਾ ਟ੍ਰੈਕਰ ਐਪ ਦਾ ਖਾਤਾ ਸਥਾਪਤ ਕਰਨ ਦੇ ਮਕਸਦ ਨਾਲ ਮੇਰੀ ਯੂਜ਼ਰ ਇਨਫਾਰਮੇਸ਼ਨ (ਪਹਿਲਾ ਨਾਮ, ਉਪਨਾਮ, ਅਤੇ ਈਮੇਲ ਪਤਾ) ਇਕ ArcGIS ਆਨਲਾਇਨ ਸਬਸਕ੍ਰਿਪਸ਼ਨ (ਇਕ ਨਾਰਥ ਅਮੈਰੀਕਨ ਸਰਵਰ 'ਤੇ ਮੌਜੂਦ ਹੈ) 'ਤੇ ਅਪਲੋਡ ਕਰਨ ਲਈ ਸਹਿਮਤ ਦਿੰਦਾ/ਦੀ ਹਾਂ। ਦੱਸੇ ਗਏ ਈ ਐਸ ਆਰ ਆਈ (ESRI) (ਉਹ ਕੰਪਨੀ ਜੋ ArcGIS ਟ੍ਰੈਕਰ ਐਪ ਚਲਾਉਂਦੀ ਹੈ) ਕਰਮਚਾਰੀਆਂ ਦੀ ਇਕ ਛੋਟੀ ਜਿਹੀ ਗਿਣਤੀ ਦੀ ਮੇਰੀ ਟ੍ਰੈਕਰ ਐਪ ਦੇ ਖਾਤੇ ਨੂੰ ਤਿਆਰ ਕਰਨ ਲਈ ਯੂ ਸੀ ਐਲ (UCL) ਦੀ ਅਧਿਐਨ ਟੀਮ ਦੀ ਸਹਾਇਤਾ ਕਰਨ ਦੇ ਇਕਲੌਤੇ ਮਕਸਦ ਨਾਲ, ਮੇਰੀ ਯੂਜ਼ਰ ਇਨਫਾਰਮੇਸ਼ਨ ਤੱਕ ਪਹੁੰਚ ਹੋ ਸਕਦੀ ਹੈ ਟ੍ਰੈਕਰ ਐਪ ਦੁਆਰਾ ਇਕੱਤਰ ਕੀਤਾ ਗਿਆ ਭੂਗੋਲਿਕ ਟਿਕਾਣੇ ਦਾ ਡਾਟਾ ਅਤੇ ਮੇਰੇ ਈਮਲੇ ਪਤੇ ਨੂੰ ਮੇਰੇ ਫ਼ੋਨ ਤੋਂ ਇਕ ਸੁਰੱਖਿਅਤ ਈ ਯ� ਐਮੇਜ਼ਨ (EU Amazon) ਸਰਵਰ 'ਤੇ ਹਸਤਾਂਤਰਿਤ ਕਰ ਦਿੱਤਾ ਜਾਵੇਗਾ ਅਤੇ ਯੂ ਸੀ ਐਲ ☐

(UCL) ਦੀ ਅਧਿਐਨ ਟੀਮ ਦੁਆਰਾ ਇਸਨੂੰ ਨਿਯਮਤ ਰੂਪ ਵਿਚ ਯੂ ਸੀ ਐਲ ਡਾਟਾ ਸੇਫ਼ ਹੈਵਨ (UCL Data Safe Haven) ਵਿਚ ਡਾਊਨਲੋਡ ਕੀਤਾ ਜਾਵੇਗਾ ਜਿੱਥੇ ਇਸਨੂੰ ਬਣਾਉਟੀ ਨਾਮ ਦਿੱਤਾ ਜਾਵੇਗਾ ਅਤੇ ਦੱਸੇ ਗਏ ਖੋਜਾਰਥੀਆਂ ਦੀ ਇਸ ਤੱਕ ਸੀਮਤ ਪਹੁੰਚ ਹੋਏਗੀ। ਭੂਗੋਲਿਕ-ਸਥਾਨ ਸਬੰਧੀ ਉੱਨਤ ਵਿਸ਼ਲੇਸ਼ਣ ਲਈ ਯੂ ਸੀ ਐਲ (UCL) ਅਧਿਐਨ ਟੀਮ ਦੀ ਸਹਾਇਤਾ ਕਰਨ ਲਈ ਦੱਸੇ ਗਏ ਈ ਐਸ ਆਰ ਆਈ (ESRI) ਦੀ ਇਕ ਛੋਟੀ ਜਿਹੀ ਗਿਣਤੀ ਦੀ ਯੂ ਸੀ ਐਲ (UCL) ਡਾਟਾ ਸੇਫ਼ ਹੈਵਨ ਵਿਚ ਮੇਰੇ ਬਣਾਉਟੀ ਨਾਮ ਦਿੱਤੇ ਗਏ ਭੂਗੋਲਿਕ ਟਿਕਾਣੇ ਤੱਕ ਪਹੁੰਚ ਹੋ ਸਕਦੀ ਹੈ।

*ਇਹ ਐਪ ਮੋਬਾਇਲ ਫ਼ੋਨਾਂ ਦੇ ਟਿਕਾਣੇ ਨੂੰ ਰਿਕਾਰਡ ਕਰਦੀ ਹੈ ਅਤੇ ਟੈਲੀਫ਼ੋਨ ਦੇ ਜੀ ਪੀ ਐਸ (GPS) ਸੈਂਸਰ ਅਤੇ ਵਾਇ-ਫਾਇ ਅਤੇ ਬਲੂਟੁੱਥ ਹਾਟ ਸਪਾਟਜ਼ ਦੀ ਨਜ਼ਦੀਕੀ ਦੀ ਵਰਤੋਂ ਕਰਦਿਆਂ ਪਿਛੋਕੜ ਵਿਚ ਚਲਦੀ ਰਹਿੰਦੀ ਹੈ। ਇਹ ਐਪ ਇਹ ਸਮਝਣ ਵਿਚ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰੇਗੀ ਕਿ ਕੋਵਿਡ-19 ਕਿਸ ਤਰ੍ਹਾਂ ਫੈਲਦਾ ਹੈ ਪਰ ਜੇ ਤੁਸੀਂ ਐਪ ਨੂੰ ਡਾਊਨਲੋਡ ਨਹੀਂ ਕਰਨਾ ਚੁਣਦੇ ਹੋ ਤੁਸੀਂ ਤਾਂ ਵੀ ਅਧਿਐਨ ਵਿਚ ਭਾਗ ਲੈ ਸਕਦੇ ਹੋ।*

11. ਮੈਂ ਸਮਝਦਾ/ਦੀ ਹਾਂ ਕਿ ਮੇਰੇ ਬਾਰੇ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਯੂ ਸੀ ਐਲ (UCL) ਦੁਆਰਾ ਘੱਟੋ ਘੱਟ 10 ਸਾਲਾਂ ਦੇ ਲਈ ਸਟੋਰ ਕਰਕੇ ਰੱਖਿਆ ਜਾਵੇਗਾ ਅਤੇ ਇਸਨੂੰ ਇਸ ਅਧਿਐਨ ਦੀ ਸਮਾਪਤੀ ਤੋਂ ਬਾਅਦ ਭਵਿੱਖ ਦੀ ਖੋਜ ਲਈ ਹੋਰ ਖੋਜਾਰਥੀਆਂ ਨਾਲ ਬੇਨਾਮ ਕਰਕੇ ਸਾਂਝਾ ਕੀਤਾ ਜਾ ਸਕਦਾ ਹੈ। ☐

12. ਮੈਂ ਸਮਝਦਾ/ਦੀ ਹਾਂ ਕਿ ਅਧਿਐਨ ਦੇ ਦੌਰਾਨ ਇਕੱਤਰ ਕੀਤੇ ਗਏ ਮੇਰੇ (ਬੇਨਾਮ) ਡਾਟਾ ਦੇ ਢੁੱਕਵੇਂ ਹਿੱਸਿਆਂ ਨੂੰ ਯੂ ਸੀ ਐਲ (UCL) ਜਾਂ ਨਿਯਾਮਕ ਅਥਾਰਟੀਆਂ ਨਾਲ ਸਬੰਧਤ ਵਿਅਕਤੀਆਂ ਦੁਆਰਾ ਦੇਖਿਆ ਜਾ ਸਕਦਾ ਹੈ, ਜਿੱਥੇ ਅਜਿਹਾ ਕਰਨਾ ਮੇਰੇ ਅਧਿਐਨ ਵਿਚ ਭਾਗ ਲੈਣ ਲਈ ਜ਼ਰੂਰੀ ਹੁੰਦਾ ਹੈ। ਮੈਂ ਇਨ੍ਹਾਂ ਵਿਅਕਤੀਆਂ ਨੂੰ ਇਸ ਡਾਟਾ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ/ਦੀ ਹਾਂ। ☐

13. ਮੈਂ ਸਮਝਦਾ/ਦੀ ਹਾਂ ਕਿ ਮੇਰੇ ਪੋਸਟਕੋਡ (ਜਿਸ ਤੋਂ ਹੋਰ ਵਿਅਕਤੀਗਤ ਵੇਰਵਿਆਂ ਨੂੰ ਹਟਾਇਆ ਹੁੰਦਾ ਹੈ) ਦਾ, ਈ ਐਸ ਆਰ ਆਈ (ESRI) (ਭੂਗੋਲਿਕ ਵਿਸ਼ਲੇਸ਼ਣ ਵਾਲੀ ਕੰਪਨੀ ਜੋ ਇਸ ਪ੍ਰੋਜੈਕਟ ਵਿਚ ਯੂ ਸੀ ਐਲ (UCL) ਦੀ ਸਹਾਇਤਾ ਕਰ ਰਹੀ ਹੈ) ਦੇ ਦੱਸੇ ਗਏ ਸਟਾਫ਼ ਦੁਆਰਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਸਟਾਫ਼ ਗੋਪਨੀਯਤਾ ਦੇ ਕਠੋਰ ਸਮਝੌਤਿਆਂ ਅਧੀਨ ਕੰਮ ਕਰ ਰਿਹਾ ਹੋਏਗਾ। ☐

14. ਮੈਂ ਉਪਰੋਕਤ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦਾ/ਦੀ ਹਾਂ। ☐

15. ਮੈਂ ਭਵਿੱਖ ਦੇ ਅਧਿਐਨਾਂ ਲਈ ਯੂ ਸੀ ਐਲ (UCL) ਦੇ ਖੋਜਾਰਥੀਆਂ ਦੁਆਰਾ ਸੰਪਰਕ ਕੀਤੇ ਜਾਣ ਲਈ ਸਹਿਮਤ ਹੁੰਦਾ/ਦੀ ਹਾਂ। ਮੈਂ ਸਮਝਦਾ/ਦੀ ਹਾਂ ਕਿ ਇਸਦਾ ਇਹ ਮਤਲਬ ਨਹੀਂ ਹੈ ਕਿ ਮੇਰੇ ਲਈ ਭਵਿੱਖ ਦੇ ਅਧਿਐਨ ਵਿਚ ਭਾਗ ਲੈਣਾ ਜ਼ਰੂਰੀ ਹੈ, ਸਗੋਂ ਇਸਦਾ ਕੇਵਲ ਇਹ ਮਤਲਬ ਹੈ ਕਿ ਸੰਪਰਕ ਕੀਤੇ ਜਾਣ ਨੂੰ ਬੁਰਾ ਨਹੀਂ ਸਮਝਦਾ/ਦੀ। ☐

---

***ਕੀ ਤੁਹਾਡੇ ਬੱਚੇ ਹਨ/ ਕੀ ਤੁਹਾਡੇ ਕੋਲ ਤੁਹਾਡੇ ਘਰ ਵਿਚ ਰਹਿ ਰਹੇ 16 ਸਾਲ ਤੋਂ ਘੱਟ ਉਮਰ ਦੇ ਕਿਸੇ ਬੱਚੇ ਲਈ ਸਰਪ੍ਰਸਤੀ ਦੀਆਂ ਜ਼ਿੰਮੇਵਾਰੀਆਂ ਹਨ? ਜੇ ਹਾਂ...***

ਕਿਰਪਾ ਕਰਕੇ ਹਾਂ/ਨਾਂਹ ਤੇ ਨਿਸ਼ਾਨ ਲਗਾਓ

1. ਮੈਂ ਯੂ ਸੀ ਐਲ (UCL) ਨੂੰ ਮੇਰੇ ਬੱਚੇ/ਬੱਚਿਆਂ ਦੇ ਐਨ ਐਚ ਐਸ (NHS) ਨੰਬਰ, ਨਾਮ, ਲਿੰਗ, ਪਤਾ ਅਤੇ ਜਨਮ ਤਾਰੀਖ ਨੂੰ ਐਨ ਐਚ ਐਸ ਡਿਜੀਟਲ (NHS Digital) ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਸੰਗਠਨਾਂ ਨਾਲ ਸਾਂਝਾ ਕਰਨ ਲਈ ਸਹਿਮਤੀ ਦਿੰਦਾ/ਦੀ ਹਾਂ। ☐

*ਐਨ ਐਚ ਐਸ ਡਿਜੀਟਲ (NHS Digital) ਦੇ ਕੋਲ ਹਸਪਤਾਲ ਦੀਆਂ ਵਿਜ਼ਿਟਸ ਅਤੇ ਦਾਖਲਿਆਂ (ਇਸਨੂੰ ਹਾਸਪੀਟਲ ਐਪੀਸੋਡ ਸਟੈਟਿਕਸ ਡਾਟਾ ਕਹਿੰਦੇ ਹਨ) ਅਤੇ ਮੌਤਾਂ ਦਾ ਡਾਟਾ ਹੈ ਅਤੇ ਪਬਲਿਕ ਹੈਲਥ ਇੰਗਲੈਂਡ (Public Health England), ਐਨ ਐਚ ਐਸ ਟੈਸਟ ਅਤੇ ਟ੍ਰੇਸ ਪ੍ਰੋਗਰਾਮ (NHS Test and Trace) ਤੋਂ ਪ੍ਰਾਪਤ ਡਾਟਾ ਸਮੇਤ ਨਿਯਮਤ ਰੂਪ ਵਿਚ ਇਕੱਤਰ ਕੀਤੇ ਗਏ ਵਾਈਰਾਲਜਿਕਲ ਟੈਸਟਿੰਗ ਡਾਟਾ ਨੂੰ ਰੱਖਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਨ੍ਹਾਂ ਸੰਗਠਨਾਂ ਦੁਆਰਾ ਢੁੱਕਵੇਂ ਡਾਟਾ ਸੈੱਟਾਂ ਵਿਚ ਰੱਖੀ ਗਈ ਅਤੇ ਸੰਭਾਲੀ ਜਾਂਦੀ ਜਾਣਕਾਰੀ ਨੂੰ ਮੇਰੇ ਬੱਚੇ ਦੀਆਂ ਹਸਪਤਾਲ ਦੀਆਂ ਵਿਜ਼ਟਸ ਅਤੇ ਹਸਪਤਾਲ ਭਰਤੀ ਹੋਣ ਬਾਰੇ ਐਨ ਐਚ ਐਸ (NHS) ਦੁਆਰਾ ਕੀਤੇ ਗਏ ਵਾਈਰਾਲਜਿਕਲ ਟੈਸਟਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਰਤਿਆ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਸ ਡਾਟਾ ਨੂੰ ਕੇਵਲ ਸਾਂਖਿਅਕੀ ਅਤੇ ਖੋਜ ਦੇ ਮਕਸਦਾਂ ਲਈ ਵਰਤਿਆ ਜਾਵੇਗਾ।*

2. ਜੇ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਤਾਂ ਮੈਂ ਆਪਣੇ ਬੱਚੇ ਦੇ ਨੱਕ/ਗਲੇ ਦੇ ਸਵੈਬਜ਼ ਲੈਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

3. ਜੇ ਅਜਿਹਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਮੈਂ ਮੇਰੇ ਬੱਚੇ ਦੇ ਖ਼ੂਨ ਦੇ ਦੋ ਨਮੂਨੇ, ਇਕ 2020 ਦੀਆਂ ਗਰਮੀਆਂ ਵਿਚ ਅਤੇ ਇਕ 2021 ਦੀ ਬਸੰਤ ਵਿਚ ਦੇਣ ਲਈ ਸਹਿਮਤ ਹੁੰਦਾ/ਦੀ ਹਾਂ। *ਖ਼ੂਨ ਦੇ ਨਮੂਨੇ ਨੂੰ ਪ੍ਰਦਾਨ ਕਰਨਾ ਸਾਨੂੰ ਕੋਵਿਡ-19 ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ ਪਰ ਜੇ ਤੁਹਾਡਾ ਬੱਚਾ ਖ਼ੂਨ ਦੇਣ ਦੀ ਇੱਛਾ ਨਹੀਂ ਰੱਖਦਾ, ਉਹ ਤਾਂ ਵੀ ਅਧਿਐਨ ਵਿਚ ਭਾਗ ਲੈ ਸਕਦਾ ਹੈ।* ☐

4. ਜੇ ਉਹ ਖ਼ੂਨ ਦਾ ਨਮੂਨਾ ਨਹੀਂ ਦੇਣਾ ਚਾਹੁੰਦੇ ਤਾਂ ਮੈਂ ਆਪਣੇ ਬੱਚੇ ਦੀ ਉਂਗਲ ਵਿਚ ਸੂਈ ਚੋਭ ਕੇ ਕੀਤਾ ਜਾਣ ਵਾਲਾ ਐਂਟੀਬਾਡੀ ਟੈਸਟ ਕਰਵਾਉਣ ਲਈ ਸਹਿਮਤ ਹੁੰਦਾ/ਦੀ (ਜੇ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ) ਹਾਂ। ☐

5. ਜੇ ਅਧਿਐਨ ਟੀਮ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਤਾਂ ਮੈਂ ਆਪਣੇ ਬੱਚੇ ਦੀ ਉਂਗਲ ਵਿਚ ਸੂਈ ਚੋਭ ਕੇ ਕੀਤਾ ਜਾਣ ਵਾਲਾ ਐਂਟੀਬਾਡੀ ਟੈਸਟ ਕਰਵਾਉਣ ਲਈ ਸਹਿਮਤ ਹੁੰਦਾ/ਦੀ ਹਾਂ।

   a. ਖ਼ੂਨ ਲੈਣ ਦੇ ਸਮੇਂ ਇਕ ਵਾਰ ☐

   b. ਮੇਰੇ ਘਰ ਵਿਚ ਕਿਸੇ ਦੇ ਕੋਵਿਡ-19 ਨਾਲ ਪਾਜ਼ੀਟਿਵ ਪਾਏ ਜਾਣ ਦੇ 14 ਦਿਨਾਂ ਬਾਅਦ ਇਕ ਨਮੂਨਾ। ☐

6. ਮੈਂ ਇਸ ਖੋਜ ਲਈ ਲਏ ਗਏ ਮੇਰੇ ਬੱਚੇ ਦੇ ਖ਼ੂਨ ਦੇ ਨਮੂਨਿਆਂ ਅਤੇ ਨੱਕ ਦੇ ਸਵੈਬਜ਼ ਨੂੰ (ਇਸ ਅਧਿਐਨ ਦੇ ਸਮਾਪਤ ਹੋਣ ਤੋਂ ਬਾਅਦ) ਸਾਹ ਪ੍ਰਣਾਲੀ ਨਾਲ ਸਬੰਧਤ ਲਾਗਾਂ, ਇਨ੍ਹਾਂ ਲਾਗਾਂ ਪ੍ਰਤੀ ਸਰੀਰ ਦੀ ਰੱਖਿਆ ਪ੍ਰਣਾਲੀ ਦੀ ਪ੍ਰਤੀਕ੍ਰਿਆ ਅਤੇ ਇਨ੍ਹਾਂ ਉੱਪਰ ਪੈਣ ਵਾਲੇ ਅਣੁਵਾਂਸ਼ਿਕ ਪ੍ਰਭਾਵਾਂ ਬਾਰੇ ਜਾਣਨ ਲਈ ਭਵਿੱਖ ਦੀ ਸੰਭਾਵੀ ਖੋਜ ਲਈ ਬੇਨਾਮੀ ਨਾਲ ਸਟੋਰ ਕੀਤੇ ਜਾਣ ਲਈ ਸਹਿਮਤੀ ਦਿੰਦਾ/ਦੀ ਹਾਂ। ☐

7. ਮੈਂ ਸਮਝਦਾ/ਦੀ ਹਾਂ ਕਿ ਮੇਰੇ ਬੱਚੇ ਦੇ ਬਾਰੇ ਇਕੱਤਰ ਕੀਤੀ ਗਈ ਜਾਣਕਾਰੀ ਨੂੰ ਯੂ ਸੀ ਐਲ (UCL) ਦੁਆਰਾ ਘੱਟੋ ਘੱਟ 10 ਸਾਲਾਂ ਦੇ ਲਈ ਸਟੋਰ ਕਰਕੇ ਰੱਖਿਆ ਜਾਵੇਗਾ ਅਤੇ ਇਸਨੂੰ ਇਸ ਅਧਿਐਨ ਦੀ ਸਮਾਪਤੀ ਤੋਂ ਬਾਅਦ ਭਵਿੱਖ ਦੀ ਖੋਜ ਲਈ ਹੋਰ ਖੋਜਾਰਥੀਆਂ ਨਾਲ ਬੇਨਾਮ ਕਰਕੇ ਸਾਂਝਾ ਕੀਤਾ ਜਾ ਸਕਦਾ ਹੈ। ☐

8. ਮੈਂ ਸਮਝਦਾ/ਦੀ ਹਾਂ ਕਿ ਅਧਿਐਨ ਦੇ ਦੌਰਾਨ ਇਕੱਤਰ ਕੀਤੇ ਗਏ ਮੇਰੇ ਬੱਚੇ ਦੇ ਬੇਨਾਮ ਡਾਟਾ ਦੇ ਢੁੱਕਵੇਂ ਹਿੱਸਿਆਂ ਨੂੰ ਯੂ ਸੀ ਐਲ (UCL) ਜਾਂ ਨਿਯਾਮਕ ਅਥਾਰਟੀਆਂ ਨਾਲ ਸਬੰਧਤ ਵਿਅਕਤੀਆਂ ਦੁਆਰਾ ਦੇਖਿਆ ਜਾ ਸਕਦਾ ਹੈ, ਜਿੱਥੇ ਅਜਿਹਾ ਕਰਨਾ ਉਨ੍ਹਾਂ ਦੇ ਅਧਿਐਨ ਵਿਚ ਭਾਗ ਲੈਣ ਲਈ ਜ਼ਰੂਰੀ ਹੁੰਦਾ ਹੈ। ਮੈਂ ਇਨ੍ਹਾਂ ਵਿਅਕਤੀਆਂ ਨੂੰ ਮੇਰੇ ਬੱਚੇ ਦੇ ਬੇਨਾਮ ਡਾਟਾ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ/ਦੀ ਹਾਂ। ☐

9. ਮੈਂ ਸਮਝਦਾ/ਦੀ ਹਾਂ ਕਿ ਮੇਰੇ ਬੱਚੇ ਦੇ ਪੋਸਟਕੋਡ (ਜਿਸ ਤੋਂ ਹੋਰ ਵਿਅਕਤੀਗਤ ਵੇਰਵਿਆਂ ਨੂੰ ਹਟਾਇਆ ਹੁੰਦਾ ਹੈ) ਦ□, ਈ ਐਸ ਆਰ ਆਈ (ESRI) (ਭੂਗੋਲਿਕ ਵਿਸ਼ਲੇਸ਼ਣ ਵਾਲੀ ਕੰਪਨੀ ਜੋ ਇਸ ਪ੍ਰੋਜੈਕਟ ਵਿਚ ਯੂ ਸੀ ਐਲ (UCL) ਦੀ ਸਹਾਇਤਾ ਕਰ ਰਹੀ ਹੈ) ਦੇ ਦੱਸੇ ਗਏ ਸਟਾਫ਼ ਦੁਆਰਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਸਟਾਫ਼ ਗੋਪਨੀਯਤਾ ਦੇ ਕਠੋਰ ਸਮਝੌਤਿਆਂ ਅਧੀਨ ਕੰਮ ਕਰ ਰਿਹਾ ਹੋਏਗਾ। ☐

10. ਮੈਂ, ਮੇਰੇ ਬੱਚੇ ਦੇ ਉਪਰੋਕਤ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦਾ/ਦੀ ਹਾਂ। ☐

ਜੇ ਤੁਸੀਂ ਕੋਈ ਪੁੱਛਗਿੱਛ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਯੂ ਸੀ ਐਲ ਵਾਇਰਸ ਵਾੱਚ ਪ੍ਰੋਜੈਕਟ ਮੈਨੇਜਰ (UCL Virus Watch Project Manager) ਨਾਲ ਸੰਪਰਕ ਕਰੋ: viruswatch@ucl.ac.uk

1-19 ਟੋਰਿੰਗਟਨ ਪਲੇਸ, ਫਿਟਜ਼ਰੋਵਿਆ, ਲੰਡਨ (Torrington Place, Fitzrovia, London) WC1E 7HB